# ਬਪਤਿਸਮਾ ਕਿਸ ਨੂੰ ਦਿੱਤਾ ਜਾਵੇ?

ਕਈ ਲੋਕ ਬਪਤਿਸਮਾ ਦਿੱਤੇ ਜਾਣ ਲਈ ਕਹਿੰਦੇ ਤਾਂ ਹਨ ਪਰ ਬਪਤਿਸਮਾ ਲੈਣ ਲਈ ਤਿਆਰ ਨਹੀਂ ਹੁੰਦੇ, ਅਤੇ ਦੂਸਰੇ ਲੋਕ ਬਪਤਿਸਮਾ ਲੈਣ ਤੋਂ ਇਸ ਲਈ ਨਾਂਹ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਜਿਹੜੇ ਬਦਲਾਅ ਉਨ੍ਹਾਂ ਵਿਚ ਬਪਤਿਸਮਾ ਲੈਣ ਨਾਲ ਆਉਣੇ ਜ਼ਰੂਰੀ ਹੈ ਉਨ੍ਹਾਂ ਤਾਂ ਉਨ੍ਹਾਂ ਵਿਚ ਪਹਿਲਾਂ ਹੀ ਹਨ।

## ਕੋਈ ਬਪਤਿਸਮਾ ਲੈਣ ਲਈ ਕਦੋਂ ਤਿਆਰ ਹੁੰਦਾ ਹੈ?

ਬਪਤਿਸਮਾ ਦੇਣ ਵਾਲਿਆਂ ਨੂੰ ਹਮੇਸ਼ਾ ਜਵਾਨੀ ਦੀ ਦਹਿਲੀਜ਼ ਵਿਚ ਪਹੁੰਚਣ ਵਾਲੇ ਬੱਚੇ ਵੱਲੋਂ ਬਪਤਿਸਮਾ ਲੈਣ ਦੀ ਇੱਛਾ ਕਰਨ ਤੇ ਪਰੇਸ਼ਾਨੀ ਹੁੰਦੀ ਹੈ। ਬਾਈਬਲ ਵਿਚ ਬਪਤਿਸਮਾ ਲੈਣ ਦੀ ਉਮਰ ਦਾ ਕੋਈ ਨਿਯਮ ਨਹੀਂ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਬੱਚਿਆ ਨੂੰ ਬਾਰ੍ਹਾਂ ਸਾਲ ਦੀ ਉਮਰ ਵਿਚ ਬਪਤਿਸਮਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਹੈਕਲ ਵਿਚ ਜਾਣ ਵੇਲੇ ਯਿਸੂ ਵੀ ਬਾਰਾਂ ਸਾਲਾਂ ਦਾ ਸੀ (ਲੂਕਾ 2:41)। ਉਸ ਸਮੇਂ ਉਸ ਨੇ ਆਪਣੀ ਮਾਂ ਨੂੰ ਕਿਹਾ ਸੀ, ‘‘ਭਲਾ ਤੁਸੀਂ ਨਹੀਂ ਜਾਣਦੇ ਕਿ ਮੈਨੂੰ ਚਾਹੀਦਾ ਹੈ ਕਿ ਆਪਣੇ ਪਿਤਾ ਦੇ ਕੰਮਾਂ ਵਿਚ ਲੱਗਾ ਰਹਾਂ?’’ (ਲੂਕਾ 2:49)।

ਪਰ ਯਿਸੂ ਦਾ ਬਪਤਿਸਮਾ ਬਾਰਾਂ ਸਾਲ ਦੀ ਉਮਰ ਵਿਚ ਨਹੀਂ ਬਲਕਿ ਆਪਣੀ ਸੇਵਕਾਈ ਸ਼ੁਰੂ ਕਰਨ ਤੋਂ ਥੋੜ੍ਹਾ ਕੁ ਪਹਿਲਾਂ ਭਾਵ ਤੀਹ ਸਾਲ ਦੀ ਉਮਰ ਵਿਚ ਹੋਇਆ ਸੀ (ਲੂਕਾ 3:23)। ਬੇਸ਼ੱਕ ਇਸ ਗੱਲ ਵਿਚ ਯਿਸੂ ਸਾਡੇ ਲਈ ਨਮੂਨਾ ਨਹੀਂ ਹੈ ਕਿਉਂਕਿ ਉਸ ਨੂੰ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ ਦੀ ਲੋੜ ਨਹੀਂ ਸੀ। ਉਸ ਨੂੰ ਬਪਤਿਸਮਾ ਲੈਣ ਲਈ ਖ਼ੁਦਾ ਦੇ ਵਚਨ ਨੂੰ ਸਿੱਖਣ (ਲੂਕਾ 6:45), ਯਿਸੂ ਵਿਚ ਵਿਸ਼ਵਾਸ ਕਰਨ (ਯੂਹੰਨਾ 8:24), ਪਾਪਾਂ ਤੋਂ ਤੌਬਾ ਕਰਨ (ਰਸੂਲਾਂ ਦੇ ਕੰਮ 17:30) ਅਤੇ ਯਿਸੂ ਦਾ ਇਕਰਾਰ ਕਰਨ (ਰੋਮੀਆਂ 10:9, 10) ਵਰਗੀਆਂ ਜ਼ਰੂਰੀ ਗੱਲਾਂ ਕਰਨ ਦੀ ਲੋੜ ਨਹੀਂ ਸੀ। ਇੱਥੇ ਸਵਾਲ ਉਮਰ ਦਾ ਨਹੀਂ ਬਲਕਿ ਪੂਰੀ ਸਮਝ, ਜ਼ਿੰਮੇਵਾਰੀ ਅਤੇ ਇੱਛਾ ਦਾ ਹੈ। ਨੌਜਵਾਨ ਬੱਚੇ ਵੱਖੋ–ਵੱਖ ਉਮਰ ਵਿਚ ਸਿਆਣੇ ਹੁੰਦੇ ਹਨ।

ਇਹ ਤੈਅ ਕਰਨ ਲਈ ਕਿ ਬਪਤਿਸਮਾ ਲੈਣ ਵਾਲਿਆਂ ਦੀ ਤਿਆਰੀ ਹੈ ਜਾਂ ਨਹੀਂ, ਘੱਟੋ–ਘੱਟ ਕੁਝ ਸਵਾਲ ਪੁੱਛੇ ਜਾਣੇ ਜ਼ਰੂਰੀ ਹਨ:

(1) ਤੁਸੀਂ ਬਪਤਿਸਮਾ ਕਿਉਂ ਲੈਣਾ ਚਾਹੁੰਦੇ ਹੋ?

(2) ਕੀ ਤੁਸੀਂ ਪਾਪੀ ਹੋ? ਕੀ ਤੁਹਾਨੂੰ ਡਰ ਲਗਦਾ ਹੈ ਕਿ ਖ਼ੁਦਾ ਤੁਹਾਨੂੰ ਤੁਹਾਡੇ ਪਾਪਾਂ ਦੇ ਕਾਰਣ ਸਜ਼ਾ ਦੇਵੇਗਾ?

(3) ਕੀ ਤੁਸੀਂ ਮੰਨਦੇ ਹੋ ਕਿ ਤੁਸੀਂ ਆਪਣੇ ਪਾਪਾਂ ਦੀ ਵਜ੍ਹਾ ਨਾਲ ਖ਼ੁਦਾ ਤੋਂ ਦੂਰ ਹੋ?

(4) ਜੇ ਖ਼ੁਦਾ ਹੁਣੇ ਨਿਆਂ ਕਰੇ, ਤਾਂ ਉਹ ਤੁਹਾਨੂੰ ਸੁਰਗ ਵਿਚ ਭੇਜੇਗਾ ਜਾਂ ਨਰਕ ਵਿਚ?

(5) ਤੁਹਾਨੂੰ ਕੀ ਲਗਦਾ ਹੈ ਕਿ ਖ਼ੁਦਾ ਦਾ ਸਲੂਕ ਤੁਹਾਡੇ ਨਾਲ ਕਿਹੋ ਜਿਹਾ ਹੈ? ਕੀ ਤੁਹਾਨੂੰ ਲਗਦਾ ਹੈ ਕਿ ਉਸ ਨੇ ਤੁਹਾਡੇ ਪਾਪਾਂ ਦੇ ਕਾਰਣ ਤੁਹਾਥੋਂ ਆਪਣਾ ਮੂੰਹ ਲੁਕਾ ਲਿਆ ਹੈ?

(6) ਤੁਸੀਂ ਯਿਸੂ ਨੂੰ ਕੀ ਮੰਨਦੇ ਹੋ (ਯੂਹੰਨਾ 8:24; ਰੋਮੀਆਂ 10:9)?
(7) ਜੇ ਅੱਜ ਤੁਸੀਂ ਮਰ ਜਾਂਦੇ ਹੋ, ਤਾਂ ਕੀ ਤੁਸੀਂ ਪਾਪੀ ਹੀ ਮਰੋਗੇ (ਯੂਹੰਨਾ 8:21)?
(8) ਤੌਬਾ ਕਰਨ ਤੋਂ ਤੁਹਾਡਾ ਕੀ ਭਾਵ ਹੈ?
(9) ਯਿਸੂ ਨੇ ਤੁਹਾਡੇ ਪਾਪਾਂ ਦੀ ਮਾਫ਼ੀ ਲਈ ਕੀ ਕੀਤਾ ਹੈ (ਮੱਤੀ 26:28)? ਤੁਹਾਡੇ ਪਾਪ ਮਾਫ਼ੀ ਕਰਕੇ ਕਿਸ ਨਾਲ ਧੋਤੇ ਜਾਂਦੇ ਹਨ (ਇਬਰਾਨੀਆਂ 9:22; ਪ੍ਰਕਾਸ਼ ਦੀ ਪੋਥੀ 1:5)? ਅਤੇ ਕਦੋਂ ਧੋਤੇ ਜਾਂਦੇ ਹਨ?
(10) ਬਪਤਿਸਮਾ ਲੈਣ ਨਾਲ ਤੁਹਾਡੀ ਜ਼ਿੰਦਗੀ ਤੁਹਾਡੀ ਮੌਜੂਦਾ ਜ਼ਿੰਦਗੀ ਤੋਂ ਫ਼ਰਕ ਕਿਵੇਂ ਹੋ ਗਈ?
(11) ਆਪਣੇ ਪਾਪਾਂ ਦੀ ਮਾਫ਼ੀ ਪਾਉਣ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ?
(12) ਬਪਤਿਸਮਾ ਲੈ ਕੇ ਕੀ ਤੁਸੀਂ ਯਿਸੂ ਨੂੰ ਆਪਣਾ ਪ੍ਰਭੂ ਬਣਾਓਗੇ? ਯਿਸੂ ਨੂੰ ਆਪਣਾ ਪ੍ਰਭੂ ਬਣਾਉਣ ਤੋਂ ਤੁਸੀਂ ਕੀ ਸਮਝਦੇ ਹੋ?
(13) ਬਪਤਿਸਮਾ ਲੈ ਕੇ ਤੁਸੀਂ ਕਿਸ ਕਲੀਸੀਆ ਵਿਚ ਸ਼ਾਮਿਲ ਹੋਵੋਗੇ?
(14) ਕੀ ਤੁਸੀਂ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਤਿਆਰ ਹੋ?

ਜੋ ਆਦਮੀ ਇਹ ਮੰਨਦਾ ਹੈ ਕਿ ਉਹ ਪਾਪੀ ਹੈ ਇਹ ਵੀ ਵਿਸ਼ਵਾਸ ਕਰਦਾ ਹੈ ਕਿ ਉਹ ਆਪਣੇ ਪਾਪਾਂ ਕਰਕੇ ਖ਼ੁਦਾ ਤੋਂ ਦੂਰ ਹੈ। ਜੇ ਉਹ ਯਿਸੂ ਨੂੰ ਪ੍ਰਭੂ ਅਤੇ ਮੁਕਤੀ ਦਾਤਾ ਮੰਨਦਾ ਹੈ ਜਿਸਦਾ ਲਹੂ ਉਸਦੇ ਪਾਪਾਂ ਨੂੰ ਮਾਫ਼ ਕਰ ਸਕਦਾ ਹੈ ਤਾਂ ਉਹ ਯਿਸੂ ਦੇ ਪਿੱਛੇ ਚੱਲਣ ਲਈ ਆਪਣੀ ਜ਼ਿੰਦਗੀ ਬਦਲਣ ਨੂੰ ਵੀ ਤਿਆਰ ਹੈ। ਅਤੇ ਜੇ ਉਹ ਇਸ ਗੱਲ ਨੂੰ ਸਮਝਦਾ ਹੈ ਕਿ ਉਸ ਨੂੰ ਖ਼ੁਦਾ ਨਾਲ ਆਪਣੇ ਸਬੰਧ ਸੁਧਾਰਨ ਦੀ ਲੋੜ ਹੈ ਤਾਂ ਉਹ ਬਪਤਿਸਮਾ ਲੈਣ ਲਈ ਵੀ ਤਿਆਰ ਹੈ। ਉਹਦੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਉਸ ਦੇ ਪਾਪ ਮਾਫ਼ ਹੋ ਜਾਣਗੇ ਅਤੇ ਉਹ ਖ਼ੁਦਾ ਨਾਲ ਅਤੇ ਸਾਥੀ ਮਸੀਹੀ ਲੋਕਾਂ ਦੀ ਸੰਗਤੀ ਵਿਚ ਆ ਜਾਵੇਗਾ।

## ਜੇ ਕਿਸੇ ਨੇ ਪਹਿਲਾਂ ਹੀ ਬਪਤਿਸਮਾ ਲਿਆ ਹੈ ਤਾਂ ਉਸ ਦਾ ਕੀ ਹੋ ਸਕਦਾ ਹੈ?

ਕੁਝ ਲੋਕ ਜੋ ਪਹਿਲਾਂ ਹੀ ਬਪਤਿਸਮਾਂ ਲੈ ਚੁੱਕੇ ਹਨ ਮੰਨਦੇ ਹਨ ਕਿ ਉਹ ਬਚਾਏ ਗਏ ਹਨ, ਭਾਵੇਂ ਬਪਤਿਸਮਾ ਲੈਣ ਵੇਲੇ ਉਨ੍ਹਾਂ ਨੂੰ ਬਪਤਿਸਮੇ ਦਾ ਮਤਲਬ ਪਤਾ ਨਹੀਂ ਸੀ। ਜੇ ਬਪਤਿਸਮਾ ਲੈਣ ਵੇਲੇ ਉਨ੍ਹਾਂ ਨੂੰ ਖ਼ੁਦਾ ਦੀ ਇੱਛਾ ਦੀ ਸਮਝ ਨਹੀਂ ਸੀ ਤਾਂ ਬਾਈਬਲ ਮੁਤਾਬਕ ਬਪਤਿਸਮਾ ਲੈਣ ਦੀ ਉਨ੍ਹਾਂ ਦੀ ਲੋੜ ਨੂੰ ਵੇਖਣ ਲਈ ਮਦਦ ਵਾਸਤੇ ਇਹ ਸਵਾਲ ਮਦਦਗਾਰ ਹੋ ਸਕਦੇ ਹਨ:

(1) ਭਲਾ ਤੁਹਾਡਾ ਬਪਤਿਸਮਾ ਡੁਬਕੀ ਨਾਲ ਹੋਇਆ ਸੀ?
(2) ਬਪਤਿਸਮਾ ਲੈਣ ਵੇਲੇ ਤੁਹਾਡੀ ਉਮਰ ਕਿੰਨੀ ਸੀ?
(3) ਭਲਾ ਤੁਸੀਂ ਆਪਣੇ ਆਪ ਹੀ ਬਾਈਬਲ ਦਾ ਅਧਿਐਨ ਕਰ ਰਹੇ ਸੀ?
(4) ਭਲਾ ਬਪਤਿਸਮੇ ਬਾਰੇ ਤੁਹਾਨੂੰ ਆਪਣੀ ਕਲੀਸੀਆ ਵਿਚ ਵਚਨ ਸੁਣਨ ਅਤੇ ਸਿੱਖਿਆ ਤੋਂ ਪਤਾ ਲੱਗਾ ਸੀ?
(5) ਤੁਹਾਨੂੰ ਕਿਸ ਡਿਨੋਮੀਨੇਸ਼ਨ ਦੇ ਪ੍ਰਚਾਰਕ ਨੇ ਬਪਤਿਸਮਾ ਦਿੱਤਾ ਸੀ?

(6) ਕੀ ਤੁਸੀਂ ਕਿਸੇ ਇੰਜੀਲੀ ਸਭਾ ਦੌਰਾਨ ਅੱਗੇ ਆਏ ਸੀ?

(7) ਦੱਸੋ ਕਿ ਜਦ ਤੁਸੀਂ ਅੱਗੇ ਆਏ ਸੀ ਤਾਂ ਕੀ ਹੋਇਆ ਸੀ? ਕੀ ਦੂਸਰੇ ਲੋਕਾਂ ਨੇ ਤੁਹਾਡੇ ਨਾਲ ਦੁਆ ਕੀਤੀ ਸੀ? ਕੀ ਤੁਹਾਨੂੰ ਕਿਸੇ ਨੇ ਇਹ ਦੁਆ ਕਰਨ ਲਈ ਕਿਹਾ ਸੀ ਕਿ ''ਹੇ ਪ੍ਰਭੂ, ਮੈਂ ਪਾਪੀ ਹਾਂ, ਮੇਰੇ ਪਾਪ ਮਾਫ਼ ਕਰ ਦੇ''?

(8) ਭਲਾ ਤੁਸੀਂ ਮੰਡਲੀ ਦੇ ਸਾਹਮਣੇ ਅਜਿਹਾ ਕੋਈ ਇਕਰਾਰ ਕੀਤਾ ਸੀ? ''ਮੈਂ ਵਿਸ਼ਵਾਸ ਕਰਦਾ ਹਾਂ ਕਿ ਖ਼ੁਦਾ ਨੇ ਮਸੀਹ ਯਿਸੂ ਦੇ ਰਾਹੀਂ ਮੇਰੇ ਪਾਪ ਮਾਫ਼ ਕਰ ਦਿੱਤੇ ਹਨ''? ਜੇ ਕੀਤਾ ਸੀ ਤਾਂ ਕਿ ਇਸ ਦੇ ਬਾਅਦ ਤੁਹਾਨੂੰ ਮਹਿਸੂਸ ਹੋ ਰਿਹਾ ਸੀ ਕਿ ਤੁਸੀਂ ਬਚਾਏ ਗਏ ਹੋ?

(9) ਭਲਾ ਲੋਕਾਂ ਨੇ ਤੁਹਾਨੂੰ ਬਚਾਏ ਜਾਣ ਲਈ ਮੁਬਾਰਕਬਾਦ ਦਿੰਦਿਆਂ ਤੁਹਾਡੇ ਨਾਲ ਅਨੰਦ ਕੀਤਾ ਸੀ? ਅਜਿਹਾ ਉਨ੍ਹਾਂ ਨੇ ਕਦੋਂ ਕੀਤਾ ਸੀ?

(10) ਜਦ ਤੁਸੀਂ ਮੰਡਲੀ ਦੇ ਸਾਹਮਣੇ ਗਏ ਤਾਂ ਉੱਥੇ ਪ੍ਰਚਾਰਕ ਨੇ ਤੁਹਾਡੀ ਰੂਹਾਨੀ ਸਥਿਤੀ ਬਾਰੇ ਕੀ ਦੱਸਿਆ ਸੀ?

(11) ਇਸ ਦੇ ਕਿੰਨੀ ਦੇਰ ਬਾਅਦ ਤੁਸੀਂ ਬਪਤਿਸਮਾ ਲਿਆ ਸੀ?

(12) ਤੁਸੀਂ ਬਪਤਿਸਮਾ ਕਾਹਦੇ ਲਈ ਲਿਆ ਸੀ?

(13) ਇਸ ਨੂੰ ਤੁਸੀਂ ਬਾਈਬਲ ਵਿਚ ਦੱਸੇ ਇੱਕੋ ਬਪਤਿਸਮੇ ਨਾਲ ਕਿਵੇਂ ਮਿਲਾਉਂਦੇ ਹੋ (ਅਫ਼ਸੀਆਂ 4:5)?

ਸਾਡੇ ਬਪਤਿਸਮੇ ਦਾ ਦਰੁੱਸਤ ਹੋਣਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਸਾਨੂੰ ਬਪਤਿਸਮਾ ਕੌਣ ਦਿੰਦਾ ਹੈ। ਜੇ ਬਪਤਿਸਮਾ ਲੈਣ ਸਮੇਂ ਸਾਨੂੰ ਇਸ ਦੀ ਸਮਝ ਹੈ ਅਤੇ ਅਸੀਂ ਸਮਰਪਣ ਨਾਲ ਪ੍ਰਭੂ ਦੇ ਕੋਲ ਆਉਂਦੇ ਹਾਂ ਤਾਂ ਸਾਡਾ ਬਪਤਿਸਮਾ ਦਰੁੱਸਤ ਹੈ। ਸਾਨੂੰ ਇਹ ਤੈਅ ਕਰਨ ਦੀ ਲੋੜ ਹੈ ਕਿ ਅਸੀਂ ਉਹੀ ਇੱਕੋ ਬਪਤਿਸਮਾ ਲਿਆ ਹੈ (ਅਫ਼ਸੀਆਂ 4:5) ਜਿਸ ਬਾਰੇ ਬਾਈਬਲ ਦੱਸਦੀ ਹੈ। ਬਹੁਤ ਸਾਰੇ ਲੋਕਾਂ ਦੇ ਸਿਰ ਤੇ ਪਾਣੀ ਡੋਲ੍ਹਿਆ ਗਿਆ, ਛਿੜਕਿਆ ਗਿਆ ਜਾਂ ਉਨ੍ਹਾਂ ਨੂੰ ਪਾਣੀ ਵਿਚ ਡੋਬਿਆ ਗਿਆ ਹੋਵੇਗਾ ਜਿਸ ਨੂੰ ਬਪਤਿਸਮਾ *ਕਿਹਾ ਜਾਂਦਾ* ਹੈ। ਪਰ ਉਨ੍ਹਾਂ ਨੇ ਉਹ ਇੱਕੋ ਬਪਤਿਸਮਾ ਨਹੀਂ ਲਿਆ। ਜਿਨ੍ਹਾਂ ਨੇ ਇਹ ਇੱਕੋ ਬਪਤਿਸਮਾ ਨਹੀਂ ਲਿਆ ਉਨ੍ਹਾਂ ਨੂੰ ਚਾਹੀਦਾ ਹੈ ਕਿ ਖੁਦੀ ਛੱਡ ਕੇ ਖ਼ੁਦਾ ਵੱਲੋਂ ਦੱਸੇ ਉਸ ਇੱਕੋ ਬਪਤਿਸਮੇ ਨੂੰ ਮੰਨ ਲੈਣ।

ਸੀ. ਜੀ. ਬ੍ਰਿਵਰ ਨੇ ਠੀਕ ਹੀ ਕਿਹਾ ਹੈ:

> *ਇਸ ਲਈ ਸਾਡਾ ਨਿਚੋੜ ਹੈ ਕਿ ਕੋਈ ਵੀ ਜੋ ਲਿਖਤ ਦੀ ਸਿੱਖਿਆ ਮੁਤਾਬਕ ਕਿ ਉਸ ਨੂੰ ਬਪਤਿਸਮਾ ਲੈਣ ਦੀ ਲੋੜ ਹੈ, ਬਪਤਿਸਮਾ ਲੈਂਦਾ ਹੈ, ਉਸ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਬਪਤਿਸਮਾ ਪਾਪਾਂ ਦੀ ਮਾਫ਼ੀ ਜਾਂ ਬਚਾਏ ਜਾਣ ਲਈ ਸ਼ਰਤ ਸੀ। ਜੇ ਉਸ ਨੂੰ ਇਹ ਪਤਾ ਨਹੀਂ ਸੀ ਤਾਂ ਜਾਂ ਤਾਂ ਉਸ ਨੂੰ ਪੜ੍ਹਨ ਵਿਚ ਗ਼ਲਤੀ ਲੱਗੀ ਹੈ ਜਾਂ ਉਸ ਨੂੰ ਕਿਸੇ ਨੇ ਗੁਮਰਾਹ ਕੀਤਾ ਹੈ।*[1]

---

ਟਿੱਪਣੀ

[1]ਜੀ. ਸੀ. ਬ੍ਰਿਵਰ, *ਕੰਟੈਂਡਿੰਗ ਫ਼ਾਰ ਦ ਫ਼ੇਥ* (ਨੈਸ਼ਵਿੱਲੇ: ਗੌਸਪਲ ਐਡਵੋਕੇਟ ਕੰ., 1941) 175–76.